ਵੱਲੋਂ

ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼
ਅਤੇ ਖਪਤਕਾਰ ਮਾਮਲੇ, ਪੰਜਾਬ।

ਸੇਵਾ ਵਿਖੇ

ਸਮੂਹ ਡਿਪਟੀ ਡਾਇਰੈਕਟਰਜ਼ (ਫ) ਅਤੇ ਜ਼ਿਲਾ ਕੰਟਰੋਲਰਜ਼,
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ ਰਾਜ ਵਿੱਚ।

ਮੀਮੋ ਨੰ: 1ਖਵ-(110-ਏ)-2020/ 2935
ਮਿਤੀ, ਚੰਡੀਗੜ੍ਹ: 10/12/2020

ਵਿਸ਼ਾ: **ਨਵੀਆਂ ਸਸਤੇ ਭਾਅ ਦੀਆਂ ਦੁਕਾਨਾਂ (ਰਾਸ਼ਨ ਡੀਪੂ) ਖੋਲਣ ਸਬੰਧੀ ਪਾਲਿਸੀ।**

ਹਵਾਲਾ ਮੁੱਖ ਦਫਤਰ ਦੇ ਪੱਤਰ ਨੰ:1ਖਵ(110-ਏ)-2016/1284 ਮਿਤੀ 15.06.2016, ਨੰ:1858 ਮਿਤੀ 01.09.2016, ਨੰ:2753 ਮਿਤੀ 25.11.2020, ਨੰ:2762 ਮਿਤੀ 26.11.2020 ਅਤੇ ਨੰ:2893 ਮਿਤੀ 07.12.2020 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੀਮੋ ਨੰ:1284-1285 ਮਿਤੀ 15.06.2016 ਰਾਹੀਂ ਜਾਰੀ ਨਵੀਆਂ ਸਸਤੇ ਭਾਅ ਦੀਆਂ ਦੁਕਾਨਾਂ (ਰਾਸ਼ਨ ਡੀਪੂ) ਖੋਲਣ ਸਬੰਧੀ ਪਾਲਿਸੀ ਦੀ ਮੱਦ ਅ ਦੇ ਕਲਾਜ (ii) ਵਿੱਚ ਹੇਠ ਅਨੁਸਾਰ ਸੋਧ ਕੀਤੀ ਜਾਂਦੀ ਹੈ -

***"ਪੇਂਡੂ ਡੀਪੂਆਂ ਲਈ ਬਿਨੈਕਾਰ ਨੂੰ ਉਸਦੇ ਹੱਕ ਵਿੱਚ ਪਚਾਇਤ ਦਾ ਮਤਾ ਪੇਸ਼ ਕਰਨਾ ਲਾਜ਼ਮੀ ਹੋਵੇਗਾ।** ਜਿਨ੍ਹਾਂ ਪੇਂਡੂ ਖੇਤਰਾਂ ਵਿੱਚ ਪੰਚਾਇਤਾਂ ਨਾ ਹੋਣ ਅਤੇ/ਜਾਂ ਪੰਚਾਇਤਾਂ ਦਾ ਕੋਰਮ ਪੂਰਾ ਨਾ ਹੋਣ ਕਰਕੇ **ਜਾਂ ਕਿਸੇ ਹੋਰ ਵੈਲਿਡ ਕਾਰਨਾਂ ਕਰਕੇ ਮਤਾ ਪੇਸ਼ ਕਰਨ ਵਿੱਚ** ਮੁਸ਼ਕਿਲ ਪੇਸ਼ ਆਉਦੀ ਹੈ, ਉਨਾਂ **ਪੇਂਡੂ ਖੇਤਰਾਂ** ਵਿੱਚ ਨਵੇਂ ਡਿਪੂ ਅਲਾਟ ਕਰਨ ਲਈ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਦੀ ਸਿਫਾਰਿਸ਼ ਤੇ ਡਿਪੂ ਅਲਾਟ ਕਰ ਦਿੱਤੇ ਜਾਣ। **ਜੇਕਰ ਪੰਚਾਇਤ ਜਾਂ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਵਲੋਂ ਇੱਕ ਤੋਂ ਵੱਧ ਬਿਨੈਕਾਰਾਂ ਦੇ ਨਾਮਾਂ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਤਾਂ ਕਮੇਟੀ ਬਿਨੈਕਾਰ ਦੀ ਯੋਗਤਾ ਅਤੇ ਹੋਰ ਸ਼ਰਤਾਂ ਨੂੰ ਵਿਚਾਰਦੇ ਹੋਏ ਯੋਗ ਉਮੀਦਵਾਰ ਦੀ ਚੋਣ ਕਰੇਗੀ।"***

**ਸੰਯੁਕਤ ਡਾਇਰੈਕਟਰ (ਖੁਰਾਕ ਵੰਡ)**
**ਵਾ: ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼**
**ਅਤੇ ਖਪਤਕਾਰ ਮਾਮਲੇ, ਪੰਜਾਬ।**